# ਭਾਈਚਾਰੇ ਲਈ ਜੰਗਲੀ ਅੱਗ ਤੋਂ ਸੁਰੱਖਿਆ ਦਾ ਪ੍ਰੋਗਰਾਮ (Community Wildfire Safety Program)

# ਜਨਤਕ ਸਲਾਮਤੀ ਲਈ ਬਿਜਲੀ ਦੇ ਕੱਟ

ਜੂਨ 2020

**ਜੇ ਤੀਬਰ ਮੌਸਮ ਕਿਸੇ ਭਾਈਚਾਰੇ ਨੂੰ ਸੇਵਾਵਾਂ ਦੇਣ ਵਾਲੀ ਬਿਜਲੀ ਪ੍ਰਣਾਲੀ ਦੇ ਕਿਸੇ ਭਾਗ ਲਈ ਖਤਰਾ ਬਣਦਾ ਹੈ, ਤਾਂ PG&E ਵਾਸਤੇ ਜਨਤਕ ਸਲਾਮਤੀ ਦੇ ਹਿੱਤ ਵਿੱਚ ਬਿਜਲੀ ਸਪਲਾਈ ਬੰਦ ਕਰਨਾ ਜ਼ਰੂਰੀ ਹੋ ਸਕਦਾ ਹੈ। ਇਸ ਨੂੰ ਜਨਤਕ ਸਲਾਮਤੀ ਲਈ ਬਿਜਲੀ ਕੱਟ [Public Safety Power Shutoff – (PSPS)] ਵਜੋਂ ਜਾਣਿਆ ਜਾਂਦਾ ਹੈ।**

ਜਿਸ ਖੇਤਰ ਵਿੱਚ ਸਾਡੇ ਗਾਹਕ ਰਹਿੰਦੇ ਅਤੇ ਕੰਮ ਕਰਦੇ ਹਨ ਉਸਦੇ ਅੱਧੇ ਤੋਂ ਵੱਧ ਭਾਗ ਵਿੱਚ ਹੁਣ ਜੰਗਲੀ ਅੱਗਾਂ ਲੱਗਣ ਦਾ ਖਤਰਾ ਵਧ ਜਾਣ ਨਾਲ, ਸਾਡੇ ਗਾਹਕਾਂ ਅਤੇ ਭਾਈਚਾਰਿਆਂ ਨੂੰ ਸਲਾਮਤ ਰੱਖਣ ਲਈ PSPS ਇੱਕ ਮਹੱਤਵਪੂਰਨ ਸਾਧਨ ਹੈ। ਅਸੀਂ ਬੀਤੀਆਂ ਘਟਨਾਵਾਂ ਤੋਂ ਸਿੱਖਣਾ ਜਾਰੀ ਰੱਖਦੇ ਹਾਂ ਅਤੇ ਅਸੀਂ ਸੁਰੱਖਿਆ ਨਾਲ ਬਿਨਾਂ ਸਮਝੌਤਾ ਕੀਤਿਆਂ, ਬਿਜਲੀ ਬੰਦ ਹੋਣ ਦੀ ਸਮਾਂ-ਮਿਆਦ ਅਤੇ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸੰਖਿਆ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।

## ਇਸ ਸਾਲ, PG&E ਆਪਣੇ PSPS ਪ੍ਰੋਗਰਾਮ ਵਿੱਚ ਨਿਮਨਲਿਖਤ ਤਰੀਕਿਆਂ ਨਾਲ ਸੁਧਾਰ ਕਰ ਰਹੀ ਹੈ:

### ਬਿਜਲੀ ਕੱਟਾਂ ਦੇ ਇਲਾਕੇ ਦਾ ਮੁਕਾਬਲਤਨ ਛੋਟਾ ਆਕਾਰ



**2019 ਦੇ ਮੁਕਾਬਲੇ PSPS ਵਰਤਾਰਿਆਂ ਤੋਂ ਪ੍ਰਭਾਵਿਤ ਹੋਣ ਵਾਲੇ ਗਾਹਕਾਂ ਦੀ ਸੰਖਿਆ ਨੂੰ ਇੱਕ-ਤਿਹਾਈ ਤੱਕ ਘੱਟ ਕਰਨਾ।**

- ਅਜਿਹੀਆਂ **ਸਵਿੱਚਾਂ** ਅਤੇ **ਸੈਕਸ਼ਨ-ਵੰਡ ਡੀਵਾਈਸਾਂ** ਲਗਾਉਣਾ ਜੋ ਬਿਜਲੀ ਕੱਟਾਂ ਦੇ ਇਲਾਕੇ ਦੇ ਆਕਾਰ ਨੂੰ ਸੀਮਤ ਕਰਦੀਆਂ ਹਨ
- ਅਜਿਹੇ **ਮਾਈਕਰੋਗ੍ਰਿਡ** ਵਿਕਸਿਤ ਕਰਨਾ ਜੋ ਲਾਈਟਾਂ ਚਾਲੂ ਰੱਖਣ ਲਈ ਅਸਥਾਈ ਜੈਨਰੇਟਰਾਂ ਦੀ ਵਰਤੋਂ ਕਰਦੇ ਹਨ
- ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਦੇ ਭਾਗ ਵਜੋਂ **ਸੇਧਿਤ ਅੰਡਰਗ੍ਰਾਊਂਡਿੰਗ (targeted undergrounding)** ਦਾ ਸੰਚਾਲਨ ਕਰਨਾ

### ਮੁਕਾਬਲਤਨ ਥੋੜ੍ਹੀ ਸਮਾਂ-ਮਿਆਦ ਦੇ ਕੱਟ



**ਤੀਬਰ ਮੌਸਮ ਦੇ ਗੁਜ਼ਰ ਜਾਣ ਬਾਅਦ ਗਾਹਕਾਂ ਵਾਸਤੇ ਬਿਜਲੀ ਸਪਲਾਈ ਦੁੱਗਣੀ ਤੇਜ਼ੀ ਨਾਲ ਮੁੜ-ਬਹਾਲ ਕਰਨਾ।**

- ਲਾਈਨਾਂ ਦੀ ਜਾਂਚ ਨੂੰ ਤੇਜ਼ ਕਰਨ ਲਈ **ਵਧੇਰੇ ਫੀਲਡ ਕਰਮਚਾਰੀ-ਦਲਾਂ** ਦਾ ਬੰਦੋਬਸਤ ਕਰਨਾ
- **ਇਨਫ੍ਰਾਰੈੱਡ ਕੈਮਰਿਆਂ ਵਾਲੇ ਦੋ ਹਵਾਈ ਜਹਾਜ਼ਾਂ** ਦੀ ਵਰਤੋਂ ਕਰਨਾ ਜੋ ਰਾਤ ਦੇ ਸਮੇਂ ਟ੍ਰਾਂਸਮਿਸ਼ਨ ਲਾਈਨਾਂ ਦੀ ਜਾਂਚ ਕਰਨ ਦੇ ਸਮਰੱਥ ਹਨ
- ਲਾਈਨਾਂ ਦੀਆਂ ਹਵਾਈ ਜਾਂਚਾਂ ਵਾਸਤੇ **ਹੈਲੀਕੌਪਟਰ ਫਲੀਟ** ਨੂੰ 35 ਤੋਂ ਵਧਾਕੇ 65 ਕਰਨਾ
- ਰਾਤ ਦੇ ਸਮੇਂ ਜਾਂਚ ਕਰਨ ਲਈ **ਇਨਫ੍ਰਾਰੈੱਡ ਉਪਕਰਨਾਂ** ਦੀ ਵਰਤੋਂ ਕਰਨਾ

### ਗਾਹਕਾਂ ਲਈ ਸਮਝਦਾਰੀ ਨਾਲ ਵਿਉਂਤੇ ਬਿਜਲੀ ਕੱਟ



**ਕਿਸੇ PSPS ਘਟਨਾ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ, ਵਧੇਰੇ ਸਟੀਕ ਅਤੇ ਸਮੇਂ-ਸਿਰ ਸੰਚਾਰ, ਵਾਧੂ ਸਰੋਤ ਅਤੇ ਸਹਾਇਤਾ ਪ੍ਰਦਾਨ ਕਰਵਾਉਣਾ।**

- ਤੀਬਰ ਮੌਸਮ ਬਾਰੇ ਸਟੀਕ ਜਾਣਕਾਰੀ ਪਤਾ ਕਰਨ ਲਈ **ਮੌਸਮ-ਵਿਗਿਆਨ ਤਕਨਾਲੋਜੀ** ਦਾ ਵਿਸਤਾਰ ਕਰਨਾ
- **ਵੈੱਬਸਾਈਟ ਸਮਰੱਥਾ** ਦਾ ਵਿਸਤਾਰ ਕਰਨਾ
- **ਗਾਹਕ ਲਈ ਸੁਚੇਤਨਾਵਾਂ** ਅਤੇ ਅਧਿਸੂਚਨਾਵਾਂ ਵਿੱਚ ਸੁਧਾਰ ਕਰਨਾ
- **ਭਾਈਚਾਰਕ ਸਰੋਤ ਕੇਂਦਰਾਂ** ਨੂੰ ਅੱਪਗ੍ਰੇਡ ਕਰਨਾ
- **ਸਥਾਨਕ ਅਦਾਰਿਆਂ** ਅਤੇ ਅਤੀ-ਅਹਿਮ ਸੇਵਾ ਪ੍ਰਦਾਨਕਾਂ ਨਾਲ **ਤਾਲਮੇਲ** ਵਿੱਚ ਸੁਧਾਰ ਕਰਨਾ
- ਅਸੁਰੱਖਿਅਤ ਗਾਹਕਾਂ ਦੀ ਸਹਾਇਤਾ ਕਰਨ ਲਈ **ਭਾਈਚਾਰਾ-ਆਧਾਰਿਤ ਸੰਗਠਨਾਂ** ਨਾਲ ਮਿਲਕੇ ਕੰਮ ਕਰਨਾ

ਇਸ ਦਸਤਾਵੇਜ਼ ਵਿੱਚ ਸ਼ਾਮਲ ਕੀਤੇ ਗਏ ਕੁਝ ਕੁ ਉਪਾਵਾਂ ਨੂੰ ਵਾਧੂ ਸਾਵਧਾਨੀ ਵਾਲੇ ਉਪਾਵਾਂ ਵਜੋਂ ਸੋਚਿਆ ਗਿਆ ਹੈ ਜਿਨ੍ਹਾਂ ਪਿੱਛੇ ਇਰਾਦਾ ਜੰਗਲੀ-ਅੱਗਾਂ ਦੇ ਖਤਰੇ ਨੂੰ ਹੋਰ ਜ਼ਿਆਦਾ ਘਟਾਉਣਾ ਹੈ। “PG&E” ਤੋਂ ਭਾਵ ਹੈ Pacific Gas and Electric Company, ਜੋ PG&E Corporation ਦੀ ਇੱਕ ਸਹਾਇਕ ਕੰਪਨੀ ਹੈ। © 2020Pacific Gas and Electric Company. ਸਾਰੇ ਹੱਕ ਰਾਖ਼ਵੇਂ ਹਨ। CCC-0620-2510. 06/12/2020

## ਕਿਸ ਕਿਸਮ ਦੇ ਮੌਸਮ ਦਾ ਸਿੱਟਾ PSPS ਦੇ ਰੂਪ ਵਿੱਚ ਨਿਕਲ ਸਕਦਾ ਹੈ?

PG&E ਸਾਡੇ ਸਮੁੱਚੇ ਸਿਸਟਮ ਵਿੱਚ ਮੌਸਮ ਦੀਆਂ ਹਾਲਤਾਂ 'ਤੇ ਨਜ਼ਰ ਰੱਖਦੀ ਹੈ ਅਤੇ ਮੁਲਾਂਕਣ ਕਰਦੀ ਹੈ ਕਿ ਕੀ ਸੁਰੱਖਿਆ ਵਾਸਤੇ ਬਿਜਲੀ ਸਪਲਾਈ ਨੂੰ ਅਗਾਊਂ ਹੀ ਬੰਦ ਕਰਨਾ ਹੈ ਜਾਂ ਨਹੀਂ। ਨੋਟ ਕਰੋ ਕਿ PSPS ਘਟਨਾਵਾਂ ਦੇ ਇਤਿਹਾਸਕ ਤੌਰ 'ਤੇ ਵਧੇਰੇ ਖੁਸ਼ਕ ਅਤੇ ਤੇਜ਼ ਹਵਾਵਾਂ ਵਾਲੇ ਗਰਮੀਆਂ ਦੀ ਰੁੱਤ ਦੇ ਆਖਰੀ/ਪੱਤਝੜ ਦੀ ਰੁੱਤ ਦੇ ਸ਼ੁਰੂ ਦੇ ਮਹੀਨਿਆਂ ਵਿੱਚ ਵਾਪਰਨ ਦੀ ਵਧੇਰੇ ਸੰਭਾਵਨਾ ਹੁੰਦੀ ਹੈ।

### ਹਾਲਾਂਕਿ ਕੋਈ ਇੱਕ ਕਾਰਕ PSPS ਦਾ ਕਾਰਨ ਨਹੀਂ ਬਣੇਗਾ, ਪਰ ਕੁਝ ਕੁ ਕਾਰਕਾਂ ਵਿੱਚ ਇਹ ਸ਼ਾਮਲ ਹਨ:

**ਰੈੱਡ ਫਲੈਗ ਚੇਤਾਵਨੀ**
ਜਿਸਦੀ ਘੋਸ਼ਣਾ ਨੈਸ਼ਨਲ ਵੈਦਰ ਸਰਵਿਸ ਵੱਲੋਂ ਕੀਤੀ ਜਾਂਦੀ ਹੈ

**ਨਮੀ ਦੇ ਪੱਧਰਾਂ ਦਾ ਘਟਣਾ**
ਆਮ ਤੌਰ 'ਤੇ 20% ਅਤੇ ਇਸ ਤੋਂ ਘੱਟ

**ਆਮ ਤੌਰ 'ਤੇ 25 ਮੀਲ ਪ੍ਰਤੀ ਘੰਟਾ ਤੋਂ ਵੱਧ ਗਤੀ ਵਾਲੀਆਂ ਟਿਕਾਊ ਤੇਜ਼-ਹਵਾਵਾਂ ਅਤੇ ਲਗਭਗ 45 ਮੀਲ ਪ੍ਰਤੀ ਘੰਟਾ ਤੋਂ ਉੱਪਰ ਦੀ ਗਤੀ ਨਾਲ ਵਗਣ ਵਾਲੇ ਤੇਜ਼ ਹਵਾ ਦੇ ਝੌਂਕਿਆਂ ਦੀ ਭਵਿੱਖਬਾਣੀ**, ਜੋ ਸਥਾਨ ਉੱਤੇ, ਅਤੇ ਸਥਲ-ਵਿਸ਼ੇਸ਼ ਹਾਲਤਾਂ ਜਿਵੇਂ ਕਿ ਤਾਪਮਾਨ, ਭੂ-ਭਾਗ ਅਤੇ ਸਥਾਨਕ ਜਲਵਾਯੂ 'ਤੇ ਨਿਰਭਰ ਕਰਦੀ ਹੈ

**ਜ਼ਮੀਨ ਉੱਤੇ ਖੁਸ਼ਕ ਈਂਧਨ ਦੀ ਸਥਿਤੀ**
ਅਤੇ ਜਿੰਦਾ ਬਨਸਪਤੀ ਵਿੱਚ ਨਮੀ ਦੀ ਮਾਤਰਾ

PG&E ਦੇ ਵਾਈਲਡਫਾਇਰ ਸੇਫਟੀ ਆਪਰੇਸ਼ਨਜ਼ ਸੈਂਟਰ (Wildfire Safety Operations Center) ਵੱਲੋਂ **ਮੌਕੇ-ਉੱਤੇ, ਨਾਲੋ-ਨਾਲ ਕੀਤੇ ਪ੍ਰੀਖਣ** ਅਤੇ PG&E ਦੇ ਕਰਮਚਾਰੀ-ਦਲਾਂ ਵੱਲੋਂ ਫੀਲਡ ਵਿੱਚ ਕੀਤੇ ਪ੍ਰੀਖਣ

## ਗਾਹਕਾਂ ਵਾਸਤੇ ਅਗਾਊਂ PSPS ਸੂਚੇਤਨਾਵਾਂ

ਮੌਸਮ 'ਤੇ ਨਿਰਭਰ ਕਰਨ ਅਨੁਸਾਰ, ਸਾਡਾ ਟੀਚਾ ਹੁੰਦਾ ਹੈ PSPS ਘਟਨਾਵਾਂ ਤੋਂ **ਦੋ ਦਿਨ ਪਹਿਲਾਂ, ਇੱਕ ਦਿਨ ਪਹਿਲਾਂ ਅਤੇ ਬਿਜਲੀ ਸਪਲਾਈ ਬੰਦ ਕਰਨ ਤੋਂ ਐਨ ਪਹਿਲਾਂ ਕਾਲਾਂ, ਲਿਖਤੀ ਸੁਨੇਹਿਆਂ ਅਤੇ ਈਮੇਲਾਂ ਰਾਹੀਂ** ਅਧਿਸੂਚਨਾਵਾਂ ਪ੍ਰਦਾਨ ਕਰਾਉਣਾ। ਅਸੀਂ **pge.com** ਅਤੇ **ਸੋਸ਼ਲ ਮੀਡੀਆ** ਚੈਨਲਾਂ ਦੀ ਵਰਤੋਂ ਵੀ ਕਰਾਂਗੇ, ਅਤੇ ਅਸੀਂ **ਸਥਾਨਕ ਖ਼ਬਰਾਂ** ਅਤੇ **ਰੇਡੀਓ** ਆਊਟਲੈੱਟਾਂ ਨੂੰ ਵੀ ਸੂਚਿਤ ਕਰਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਗਾਹਕਾਂ ਨੂੰ ਤਾਜ਼ਾ ਜਾਣਕਾਰੀ ਮਿਲਦੀ ਰਹੇ।

## ਉਹ ਕਦਮ ਜੋ ਤੁਸੀਂ ਤਿਆਰੀ ਕਰਨ ਲਈ ਉਠਾ ਸਕਦੇ ਹੋ

ਰੋਜ਼ਮਰ੍ਹਾ ਦੀ ਜ਼ਿੰਦਗੀ ਵਾਸਤੇ ਅਸੀਂ ਸਾਰੇ ਬਿਜਲੀ 'ਤੇ ਨਿਰਭਰ ਕਰਦੇ ਹਾਂ। ਜਨਤਕ ਸਲਾਮਤੀ ਲਈ ਬਿਜਲੀ ਕੱਟਾਂ ਵਾਸਤੇ ਤਿਆਰੀ ਕਰਨ ਵਿੱਚ ਮਦਦ ਲਈ, ਇੱਥੇ ਕੁਝ ਚੀਜ਼ਾਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ 'ਤੇ ਤੁਸੀਂ ਵਿਚਾਰ ਕਰ ਸਕਦੇ ਹੋ:

- **pge.com/mywildfirealerts** 'ਤੇ ਜਾ ਕੇ ਜਾਂ **1-866-743-6589** 'ਤੇ ਕਾਲ ਕਰਕੇ **ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰਨਾ**।
- **ਡਾਕਟਰੀ ਲੋੜਾਂ ਵਾਸਤੇ ਯੋਜਨਾ ਬਣਾਉਣਾ** ਜਿਵੇਂ ਕਿ ਉਹ ਦਵਾਈਆਂ ਜਿਨ੍ਹਾਂ ਨੂੰ ਫਰਿੱਜ ਵਿੱਚ ਰੱਖਣ ਦੀ ਲੋੜ ਪੈਂਦੀ ਹੈ ਜਾਂ ਉਹ ਡੀਵਾਈਸਾਂ ਜਿਨ੍ਹਾਂ ਨੂੰ ਬਿਜਲੀ ਸਪਲਾਈ ਦੀ ਲੋੜ ਪੈਂਦੀ ਹੈ।
- ਫਲੈਸ਼ਲਾਈਟਾਂ, ਬੈਟਰੀਆਂ, ਮੁੱਢਲੀ ਸਹਾਇਤਾ ਦੀਆਂ ਸਪਲਾਈਆਂ ਅਤੇ ਨਕਦੀ ਨਾਲ **ਤੁਹਾਡੀ ਸੰਕਟਕਾਲੀ ਕਿੱਟ ਨੂੰ ਬਣਾਉਣਾ ਜਾਂ ਇਸ ਦਾ ਸਟਾਕ ਦੁਬਾਰਾ ਭਰਨਾ।**
- **ਕੀ ਬਿਜਲੀ ਬੰਦ ਹੋਣ ਦੌਰਾਨ ਤੁਹਾਨੂੰ ਵਾਧੂ ਮਦਦ ਦੀ ਲੋੜ ਪਵੇਗੀ?** ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਕੋਈ ਅਪੰਗਤਾ ਹੈ ਜਾਂ ਵਾਧੂ ਵਿਸ਼ੇਸ਼ ਲੋੜਾਂ ਹਨ, ਤਾਂ ਕਿਸੇ PSPS ਦੌਰਾਨ 'ਕੈਲੀਫੋਰਨੀਆ ਫਾਊਂਡੇਸ਼ਨ ਫਾਰ ਇੰਡੀਪੈਂਡੈਂਟ ਲਿਵਿੰਗ ਸੈਂਟਰਜ਼' ਤੁਹਾਡੀ ਮਦਦ ਕਰ ਸਕਦੀ ਹੈ। ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ **disabilitydisasteraccess.org** ਦੇਖੋ।

## ਔਨਲਾਈਨ ਗਾਹਕ ਸਰੋਤ

**ਮੌਸਮ ਅਤੇ PSPS ਦੀ ਭਵਿੱਖਬਾਣੀ**
ਮੌਸਮ ਦੀ ਲਾਈਵ ਜਾਣਕਾਰੀ, ਜਿਸ ਵਿੱਚ 7-ਦਿਨ ਲਈ PSPS ਵਾਸਤੇ ਸੰਭਾਵੀ ਅਨੁਮਾਨ ਵੀ ਸ਼ਾਮਲ ਹਨ।
**pge.com/weather**

**ਬੈਕਅੱਪ ਪਾਵਰ**
ਬੈਕਅੱਪ ਪਾਵਰ ਦੀਆਂ ਚੋਣਾਂ, ਸੁਰੱਖਿਆ ਨੁਕਤੇ, ਵਿੱਤੀ ਸਹਾਇਤਾ ਅਤੇ ਪ੍ਰਚੂਨ ਵਿਕਰੇਤਾ ਬਾਬਤ ਜਾਣਕਾਰੀ।
**pge.com/backuppower**

**ਸੇਫਟੀ ਐਕਸ਼ਨ ਸੈਂਟਰ**
ਜੰਗਲੀ ਅੱਗਾਂ ਦੇ ਖਤਰਿਆਂ ਅਤੇ ਸੰਕਟਕਾਲੀ ਤਿਆਰੀ ਬਾਬਤ ਜਾਣਕਾਰੀ।
**safetyactioncenter.pge.com**

**ਜ਼ਿੱਪ ਕੋਡ ਸੁਚੇਤਨਾਵਾਂ**
ਬਿਨਾਂ ਕਿਸੇ PG&E ਖਾਤੇ ਤੋਂ ਅਧਿਸੂਚਨਾਵਾਂ ਵਾਸਤੇ ਸਾਈਨ ਅੱਪ ਕਰੋ।
**pge.com/pspszipcodealerts**

**ਵਧੇਰੇ ਜਾਣਕਾਰੀ ਲਈ** | PG&E ਦੀਆਂ ਜੰਗਲੀ-ਅੱਗ ਤੋਂ ਸੁਰੱਖਿਆ ਦੀਆਂ ਕੋਸ਼ਿਸ਼ਾਂ ਬਾਰੇ ਤਾਜ਼ਾ ਜਾਣਕਾਰੀ ਵਾਸਤੇ, ਕਿਰਪਾ ਕਰਕੇ **pge.com/wildfiresafety** ਦੇਖੋ।

COVID-19 ਕਰਕੇ ਕੀਤੀ ਗਈ ਤਾਲਾਬੰਦੀ ਦੌਰਾਨ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਕਦਮ ਉਠਾਉਂਦੇ ਹੋਏ, PG&E ਦੇ ਕਰਮਚਾਰੀ ਦਲ ਫੀਲਡ ਵਿੱਚ ਮੌਜੂਦ ਹਨ ਅਤੇ ਗੈਸ ਅਤੇ ਬਿਜਲੀ ਸੇਵਾ ਨੂੰ ਬਰਕਰਾਰ ਰੱਖਣ ਲਈ ਅਤੇ ਜੰਗਲੀ ਅੱਗਾਂ ਦੇ ਖਤਰੇ ਨੂੰ ਘੱਟ ਕਰਨ ਲਈ ਜ਼ਰੂਰੀ ਕੰਮ ਕਰ ਰਹੇ ਹਨ।